# ਅਗਲੇਰੀ ਕਾਰਵਾਈ ਦਾ ਨੋਟਿਸ

ਅੰਤਰਿਮ ਗੈਰ-ਪੁਸ਼ਟੀ **(Tentative Nonconfirmation – TNC)**

(ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ (**DHS**))

| | |
|---|---|
| ਕਰਮਚਾਰੀ ਦੇ ਨਾਮ ਦਾ ਆਖਰੀ ਭਾਗ, ਪਹਿਲਾ ਭਾਗ | ਕਰਮਚਾਰੀ ਦਾ ਸੋਸ਼ਲ ਸਕਿਊਰਟੀ ਨੰਬਰ |
| | |
| ਕਰਮਚਾਰੀ ਦਾ A-ਨੰਬਰ | ਕਰਮਚਾਰੀ ਦਾ ਦਸਤਾਵੇਜ਼ ਨੰਬਰ |
| | |
| DHS ਅੰਤਰਿਮ ਗੈਰ-ਪੁਸ਼ਟੀ ਦੀ ਤਾਰੀਖ਼ | ਕੇਸ ਪੁਸ਼ਟੀਕਰਨ ਸੰਖਿਆ |
| | |

ਤੁਹਾਡਾ ਰੁਜ਼ਗਾਰਦਾਤਾ, [EMPLOYER NAME], E-Verify (ਈ-ਵੇਰੀਫਾਈ) ਵਿੱਚ ਭਾਗ ਲੈਂਦਾ ਹੈ। E-Verify ਸਿਸਟਮ ਤੁਹਾਡੇ ਵੱਲੋਂ ਆਪਣੇ ਫ਼ਾਰਮ I-9 (ਰੁਜ਼ਗਾਰ ਯੋਗਤਾ ਪੁਸ਼ਟੀਕਰਨ - Employment Eligibility Verification) ਉੱਤੇ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਤੁਲਨਾ ਸੋਸ਼ਲ ਸਕਿਊਰਿਟੀ ਐਡਮਿਨਿਸਟ੍ਰੇਸ਼ਨ (SSA) ਅਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ (DHS) ਦੇ ਰਿਕਾਰਡਾਂ ਨਾਲ ਇਹ ਪੁਸ਼ਟੀ ਕਰਨ ਲਈ ਕਰਦਾ ਹੈ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ।

## ਤੁਹਾਨੂੰ ਇਹ ਨੋਟਿਸ ਕਿਉਂ ਪ੍ਰਾਪਤ ਹੋਇਆ:

ਤੁਹਾਨੂੰ [EMPLOYER NAME] ਕੋਲੋਂ ਅਗਲੇਰੀ ਕਾਰਵਾਈ ਦਾ ਨੋਟਿਸ ਇਸ ਲਈ ਪ੍ਰਾਪਤ ਹੋਇਆ ਕਿਉਂਕਿ ਇੰਝ ਜਾਪਦਾ ਹੈ ਕਿ ਤੁਹਾਡੇ ਰੁਜ਼ਗਾਰਦਾਤਾ ਵੱਲੋਂ E-Verify ਵਿੱਚ ਦਾਖਲ ਕੀਤੀ ਗਈ ਕੁਝ ਜਾਣਕਾਰੀ ਉਹਨਾਂ ਰਿਕਾਰਡਾਂ ਨਾਲ ਮੇਲ ਨਹੀਂ ਖਾਂਦੀ ਜੋ DHS ਨੇ ਵਰਤਮਾਨ ਸਮੇਂ ਤੁਹਾਡੇ ਬਾਰੇ ਰੱਖੇ ਹੋਏ ਹਨ। ਇਸਦਾ ਜ਼ਰੂਰੀ ਤੌਰ 'ਤੇ ਇਹ ਮਤਲਬ ਨਹੀਂ ਹੈ ਕਿ ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਗਲਤ ਜਾਣਕਾਰੀ ਦਿੱਤੀ ਸੀ, ਜਾਂ ਇਹ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਨਹੀਂ ਹੋ। ਬਹੁਤ ਸਾਰੇ ਕਾਰਨ ਹਨ ਜਿੰਨ੍ਹਾਂ ਕਰਕੇ ਹੋ ਸਕਦਾ ਹੈ ਤੁਹਾਡੀ ਜਾਣਕਾਰੀ ਮੇਲ਼ ਨਾ ਖਾਈ ਹੋਵੇ – ਇਹਨਾਂ ਕਾਰਨਾਂ ਬਾਰੇ ਵਧੇਰੇ ਜਾਣਕਾਰੀ ਤੁਸੀਂ ਔਨਲਾਈਨ ਪੜ੍ਹ ਸਕਦੇ ਹੋ (https://www.uscis.gov/e-verify/employees/tentative-nonconfirmation-overview )।

ਅੱਗੇ, ਇਸ ਤੋਂ ਪਹਿਲਾਂ ਕਿ E-Verify ਤੁਹਾਡੇ ਰੁਜ਼ਗਾਰਦਾਤਾ ਨੂੰ ਇਹ ਦੱਸ ਸਕੇ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ, ਤੁਹਾਨੂੰ ਕੁਝ ਕਦਮ ਉਠਾਉਣੇ ਪੈਣਗੇ।

## ਤੁਹਾਨੂੰ ਕੀ ਕਰਨ ਦੀ ਲੋੜ ਹੈ:

1. ਇਸ ਪੰਨੇ ਦੇ ਸਿਖਰ 'ਤੇ ਦਿੱਤੀ ਆਪਣੀ ਜਾਣਕਾਰੀ ਦੀ ਸਮੀਖਿਆ ਕਰੋ। ਜੇ ਕੋਈ ਗਲਤੀਆਂ ਹਨ ਤਾਂ [EMPLOYER NAME] ਨੂੰ ਦੱਸੋ। ਤੁਹਾਡਾ ਰੁਜ਼ਗਾਰਦਾਤਾ ਇਸ ਕੇਸ ਨੂੰ ਬੰਦ ਕਰਨ ਅਤੇ ਸਹੀ ਜਾਣਕਾਰੀ E-Verify ਵਿੱਚ ਦੁਬਾਰਾ ਭਰਨ ਦੇ ਯੋਗ ਹੋਵੇਗਾ, ਉਮੀਦ ਹੈ ਕਿ ਇਸ ਨਾਲ ਮਾਮਲਾ ਸੁਲਝ ਜਾਵੇਗਾ। ਜੇ ਤੁਹਾਡੀ ਜਾਣਕਾਰੀ ਸਹੀ ਹੈ, ਤਾਂ ਕਦਮ 2 'ਤੇ ਚਲੇ ਜਾਓ।

2. ਫੈਸਲਾ ਕਰੋ ਕਿ ਕੀ ਇਸ ਮਸਲੇ ਨੂੰ ਹੱਲ ਕਰਨ ਲਈ ਤੁਸੀਂ ਕਾਰਵਾਈ ਕਰਨੀ ਚਾਹੁੰਦੇ ਹੋ। ਜੇ ਤੁਹਾਡੀ ਉਪਰੋਕਤ ਜਾਣਕਾਰੀ ਸਹੀ ਹੈ, ਤਾਂ ਤੁਸੀਂ ਆਪਣੇ ਰਿਕਾਰਡ ਨੂੰ ਸਹੀ ਕਰਨ ਲਈ ਕਾਰਵਾਈ ਕਰ ਸਕਦੇ ਹੋ ਤਾਂ ਜੋ DHS ਦੇ ਰਿਕਾਰਡ ਇਹ ਝਲਕ ਦੇਣ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ।

ਜੇ ਤੁਸੀਂ ਇਸ ਮਸਲੇ ਨੂੰ ਹੱਲ ਕਰਨ ਲਈ ਕਾਰਵਾਈ ਨਾ ਕਰਨ ਦਾ ਫੈਸਲਾ ਕਰਦੇ ਹੋ, ਤਾਂ E-Verify ਸਿਸਟਮ ਇਹ ਪੁਸ਼ਟੀ ਕਰਨ ਦੇ ਅਯੋਗ ਹੋਵੇਗਾ ਕਿ ਤੁਸੀਂ ਯੂਨਾਈਟਡ ਸਟੇਟਸ ਵਿੱਚ ਕੰਮ ਕਰਨ ਲਈ ਅਧਿਕਾਰਿਤ ਹੋ ਅਤੇ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਰੁਜ਼ਗਾਰ ਨੂੰ ਸਮਾਪਤ ਕਰ ਸਕਦਾ ਹੈ।

ਕਰਮਚਾਰੀ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਹੋਰ ਜਾਣਕਾਰੀ ਲਈ www.uscis.gov/e-verify/employees/employee-rights-and-responsibilities ਦੇਖੋ।

## ਕਿਸੇ ਕੇਸ ਨੂੰ ਹੱਲ ਕਰਨ ਲਈ ਕਾਰਵਾਈ ਕਰਨਾ:

ਜਿਸ ਤਾਰੀਖ਼ ਨੂੰ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਕੇਸ ਨੂੰ E-Verify ਵਿੱਚ ਭੇਜਦਾ ਹੈ ਉਸ ਦਿਨ ਤੋਂ ਲੈਕੇ ਕਾਰਵਾਈ ਕਰਨ ਲਈ ਤੁਹਾਡੇ ਕੋਲ ਸੰਘੀ ਸਰਕਾਰ ਦੇ 8 ਕਾਰੋਬਾਰੀ ਦਿਨ ਹੁੰਦੇ ਹਨ। ਤੁਹਾਡੇ ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇੱਕ ਸਿਫਾਰਸ਼ ਕੀਤੀ ਤਾਰੀਖ਼ ਦੀ ਪੁਸ਼ਟੀ (Referral Date Confirmation) ਦੇਣੀ ਚਾਹੀਦੀ ਹੈ, ਜੋ ਤੁਹਾਨੂੰ ਉਸ ਤਾਰੀਖ਼ ਬਾਰੇ ਦੱਸੇਗੀ ਜਿਸ ਤਾਰੀਖ਼ ਤੱਕ ਤੁਹਾਡੇ ਲਈ DHS ਨਾਲ ਸੰਪਰਕ ਕਰਨਾ ਲਾਜ਼ਮੀ ਹੈ।

---

**DHS** ਨਾਲ ਸੰਪਰਕ ਕਰੋ:

ਇਸ ਮਸਲੇ ਨੂੰ ਹੱਲ ਕਰਨ ਲਈ ਕਾਰਵਾਈ ਕਰਨ ਵਾਸਤੇ, DHS ਨੂੰ 888-897-7781 (TTY: 800-877-8339) 'ਤੇ ਕਾਲ ਕਰੋ। ਕੋਈ ਪ੍ਰਤੀਨਿਧੀ ਤੁਹਾਡੇ ਮਸਲੇ ਦੇ ਵਿਸਥਾਰਾਂ ਦੇ ਸਬੰਧ ਵਿੱਚ ਕਾਰਜ ਕਰਨ ਲਈ ਤੁਹਾਡੀ ਮਦਦ ਕਰੇਗਾ।

ਜਦ ਤੁਸੀਂ DHS ਨੂੰ ਕਾਲ ਕਰਦੇ ਹੋ ਤਾਂ ਇਸ ਅਗਲੇਰੀ ਕਾਰਵਾਈ ਦੇ ਨੋਟਿਸ ਨੂੰ ਖੋਲ੍ਹ ਕੇ ਰੱਖੋ ਤਾਂ ਜੋ ਤੁਸੀਂ ਇਸਦਾ ਹਵਾਲਾ ਦੇ ਸਕੋਂ। DHS ਪ੍ਰਤੀਨਿਧ ਤੁਹਾਡੇ ਕੇਸ ਨੂੰ ਹੱਲ ਕਰਨ ਲਈ ਤੁਹਾਨੂੰ ਵਧੀਕ ਜਾਣਕਾਰੀ ਜਾਂ ਦਸਤਾਵੇਜ਼ਾਂ ਬਾਰੇ ਪੁੱਛ ਸਕਦਾ ਹੈ। ਜੇ ਤੁਹਾਨੂੰ ਕਿਸੇ ਹੋਰ ਭਾਸ਼ਾ ਵਿੱਚ ਮਦਦ ਚਾਹੀਦੀ ਹੈ, ਤਾਂ ਕਿਸੇ ਦੁਭਾਸ਼ੀਏ ਬਾਰੇ ਪੁੱਛਣਾ ਯਕੀਨੀ ਬਣਾਓ।

---

ਆਪਣੇ ਕੇਸ ਦੀ ਅਵਸਥਾ ਬਾਰੇ ਪੜਤਾਲ ਕਰਨ ਲਈ, https://selfcheck.uscis.gov/SelfCheckUI/CaseTracker 'ਤੇ myE-Verify ਦੇਖੋ।

ਕਿਰਪਾ ਕਰਕੇ ਹੇਠਾਂ ਦਰਸਾਓ ਕਿ ਕੀ ਤੁਸੀਂ ਇਸ ਕੇਸ ਨੂੰ ਲੜਨ ਦਾ ਇਰਾਦਾ ਰੱਖਦੇ ਹੋ ਜਾਂ ਨਹੀਂ।

| ਮੇਰੀ ਚੋਣ ਇਹ ਹੈ: (ਇੱਕ 'ਤੇ ਸਹੀ ਦਾ ਨਿਸ਼ਾਨ ਲਗਾਓ) | | | |
|---|---|---|---|
| | | | |
| | | | |
| | | | |